ਨੰਬਰ 776

ਮਿਤੀ 22-8-2016

ਵਲੋਂ: ਵਣ ਮੰਡਲ ਅਫਸਰ,
ਦਸੂਹਾ।

ਸੇਵਾ ਵਿਖੇ

ਮੁੱਖ ਵਣ ਪਾਲ (ਐਫ.ਸੀ) ਅਤੇ,
ਨੋਡਲ ਅਫਸਰ (ਐਫ.ਸੀ.ਏ),
ਵਣ ਭਵਨ ਸੈਕਟਰ-68,
ਸਾਹਿਬਜਾਦਾ ਅਜੀਤ ਸਿੰਘ ਨਗਰ।

ਵਿਸ਼ਾ: Diversion of 0.90 ha of Forest land for laying of Optical Fiber Cable from T.E Dasuya to Hajipur Sandhwal Turn 0-20 Km L/s NOFN Project under Dasuya Forest Division Dystt. Hoshiarpur

-*-

ਮੈਸ: ਉਪ ਮੰਡਲ ਇੰਜੀਨੀਅਰ, ਟੈਲੀਕਾਮ ਪ੍ਰੋਜੈਕਟ, ਕਠੂਆ (ਜੇ ਐਂਡ ਕੇ) ਵਲੋਂ ਵਣ ਰਕਬੇ ਦੀ ਡਾਇਵਰਸ਼ਨ ਸਬੰਧੀ ਤਜਵੀਜ ਫਾਰੈਸਟ ਕੰਜ਼ਰਵੇਸ਼ਨ ਐਕਟ 1980 ਤਹਿਤ ਪ੍ਰਵਾਨਗੀ ਪ੍ਰਾਪਤ ਕਰਨ ਲਈ ਭੇਜੀ ਹੈ। ਯੂਜਰ ਏਜੰਸੀ ਇੱਕ ਸਰਕਾਰੀ ਅਦਾਰਾ ਹੈ। ਇਸ ਤਜਵੀਜ ਵਿੱਚ ਸੁਰੱਖਿਅਤ ਵਣ ਅਧੀਨ 0.7079 ਹੈਕਟਰ ਰਕਬਾ ਪ੍ਰਭਾਵਿਤ ਹੁੰਦਾ ਹੈ ਅਤੇ ਇਸ ਰਕਬੇ ਵਿੱਚ ਕੋਈ ਵੀ ਰੁੱਖ ਪ੍ਰਭਾਵਿਤ ਨਹੀ ਹੁੰਦਾ । ਇਸ ਸਬੰਧੀ ਯੂਜਰ ਏਜੰਸੀ ਵਲੋਂ ਫਾਈਲ ਨੰਬਰ FP/PB/OTHERS/20553/2016 dated 19-07-2016 ਨੂੰ 0.90 ਹੈਕਟਰ ਰਕਬੇ ਦੀ ਆਨ ਲਾਈਨ ਕਰਵਾਈ ਗਈ ਹੈ। ਇਸ ਸਬੰਧੀ ਨਿਮਨਹਸਤਾਖਰ ਵਲੋਂ ਰਕਬੇ ਦਾ ਮਿਤੀ 17/8/16 ਨੂੰ ਨਿੱਜੀ ਤੌਰ ਤੇ ਨਿਰੀਖਣ ਕਰ ਲਿਆ ਗਿਆ ਹੈ। ਜਿਸ ਦਾ ਲੋੜੀਦਾ ਸਰਟੀਫਿਕੇਟ ਤਜਵੀਜ ਨਾਲ ਨੱਥੀ ਪੰਨਾ 28 ਤੇ ਹੈ।

ਸਬੰਧਤ ਯੂਜਰ ਏਜੰਸੀ ਵਲੋਂ ਡਾਇਵਰਟ ਹੋਣ ਵਾਲੇ ਵਣ ਰਕਬੇ -ਵਿੱਚ ਜੇਕਰ ਕੋਈ ਪਲਾਂਟੇਸ਼ਨ ਨੂੰ ਨੁਕਸਾਨ ਪੁਹਚਾਇਆ ਜਾਂਦਾ ਹੈ ਤਾਂ ਉਸ ਦੀ ਕੀਮਤ ਦੇਣ ਲਈ ਅੰਡਰਟੇਕਿੰਗ ਦਿੱਤੀ ਗਈ ਹੈ ।

ਉਪਰੋਕਤ ਤਜਵੀਜ ਨਾਲ ਪ੍ਰਾਪਤ ਹੋਏ ਦਸਤਾਵੇਜ ਘੋਖਣ ਉਪਰੰਤ ਠੀਕ ਪਾਏ ਗਏ ਹਨ। ਇਸ ਲਈ ਇਸ ਕੇਸ ਨੂੰ ਵਣ ਸੁਰੱਖਿਆ ਐਕਟ 1980 ਦੇ ਸੈਕਸ਼ਨ 2 ਤਹਿਤ ਇਹ ਤਜਵੀਜ ਸਿਫਾਰਸ ਸਹਿਤ 1 ਪੜਤਾਂ ਵਿੱਚ ਨਾਲ ਨੱਥੀ ਕਰਕੇ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਤੋ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ।

ਸਹਿਪੱਤਰ/ਉਪਰੋਕਤ ਵਾਂਗ।

ਵਣ ਮੰਡਲ ਅਫਸਰ,
ਦਸੂਹਾ।

ਪਿੱਠਅੰਕਣ ਨੰ: ਮਿਤੀ:

ਇਸ ਦੀ ਨਕਲ ਹੇਠ ਲਿਖਿਆ ਨੂੰ ਸੂਚਨਾ ਲਈ ਭੇਜੀ ਜਾਂਦੀ ਹੈ:-

1) ਵਣ ਪਾਲ ਨਾਰਥ ਸਰਕਲ ਪੰਜਾਬ ਹੁਸ਼ਿਆਰਪੁਰ ਜੀ ਨੂੰ ਉਪਰੋਕਤ ਕੇਸ ਦੀ ਇੱਕ ਪੜ੍ਹਤ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

3) ਰੇਂਜ ਅਫਸਰ, ਮੁਕੇਰੀਆ ਅਤੇ ਬੱਡਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਬਿਨ੍ਹਾ ਭਾਰਤ ਸਰਕਾਰ ਦੀ ਪਵ੍ਰਾਨਗੀ ਤੋਂ ਯੂਜਰ ਏਜੰਸੀ ਨੂੰ ਫਾਰੈਸਟ ਲੈਂਡ ਤੇ ਕਿਸੇ ਕਿਸਮ ਦਾ ਕੰਮ ਨਾ ਕਰਨ ਦਿੱਤਾ ਜਾਵੇ।

ਵਣ ਮੰਡਲ ਅਫਸਰ,
ਦਸੂਹਾ।